# ਮਿਲ ਗੇਟ ਕੀਮਤ ਯੋਜਨਾ

## ਪ੍ਰਸਤਾਵਨਾ :

ਹੱਥਖੱਡੀ ਬੁਣਾਈ ਇਕ ਮਿਹਨਤ-ਮੁਸ਼ੱਕਤ ਵਾਲਾ ਰੁਜ਼ਗਾਰ ਹੈ ਜੋ ਸਾਰੇ ਦੇਸ਼ ਦੇ ਜ਼ਿਆਦਾਤਰ ਪਿੰਡਾਂ ਵਿਚ ਫੈਲਿਆ ਹੋਇਆ ਹੈ। ਹੱਥਖੱਡੀ ਅਤੇ ਬਿਜਲੀ-ਖੱਡੀ ਦੀ ਸਾਂਝੀ ਗਿਣਤੀ 1995-96 ਦੇ ਅਨੁਸਾਰ ਬੁਣਾਈ ਅਤੇ ਸਬੰਧਤ ਕ੍ਰਿਆ-ਕਲਾਪਾਂ ਵਿਚ ਹੱਥਖੱਡੀ ਖੇਤਰ ਵਿਚ 65 ਲੱਖ ਤੋਂ ਵੀ ਜ਼ਿਆਦਾ ਵਿਅਕਤੀ ਸ਼ਾਮਲ ਹਨ। ਇਸ ਖੇਤਰ ਵਲੋਂ ਇਸਤੇਮਾਲ ਕੀਤੇ ਜਾਣ ਵਾਲਾ ਕੱਚਾ ਮਾਲ ਧਾਗਾ ਹੁੰਦਾ ਹੈ ਜੋ ਕਿ ਕਤਾਈ ਮਿਲਾਂ ਵਲੋਂ ਉਤਪਾਦਿਤ ਕੀਤਾ ਜਾ ਰਿਹਾ ਹੈ। ਧਾਗੇ ਨੂੰ ਵਪਾਰੀਆਂ ਵਲੋਂ ਨਿਯੰਤ੍ਰਿਤ ਕੀਤਾ ਜਾਂਦਾ ਸੀ ਅਤੇ ਜ਼ਿਆਦਾਤਰ ਹੱਥਖੱਡੀ ਬੁਣਕਰ ਆਪਣੇ ਧਾਗੇ ਦੀ ਜ਼ਰੂਰਤ ਲਈ ਇਨ੍ਹਾਂ ਵਪਾਰੀਆਂ ਉੱਤੇ ਨਿਰਭਰ ਸਨ। ਇਸ ਦੇ ਨਤੀਜੇ ਵਜੋਂ ਧਾਗੇ ਦੀਆਂ ਕੀਮਤਾਂ ਵਿਚ ਬਿਨਾਂ ਰੁਕਾਵਟ ਵਾਧਾ ਹੁੰਦਾ ਰਿਹਾ ਅਤੇ ਇਸ ਦੀ ਪ੍ਰਾਪਤੀ ਵਿਚ ਕਮੀ ਆਉਂਦੀ ਗਈ।

ਇਨ੍ਹਾਂ ਸਮੱਸਿਆਵਾਂ ਦੇ ਹੱਲ ਲਈ ਭਾਰਤ ਸਰਕਾਰ ਨੇ ਧਾਗੇ ਦੇ ਬਜ਼ਾਰ ਵਿਚ ਪ੍ਰਭਾਵੀ ਦਖ਼ਲਅੰਦਾਜ਼ੀ ਕਰਦੇ ਹੋਏ ਇਕ ਰਾਸ਼ਟਰੀ ਪੱਧਰ ਦੇ ਅਪੈਕਸ ਸੰਸਥਾ ਦੇ ਗਠਨ ਦੀ ਜ਼ਰੂਰਤ ਮਹਿਸੂਸ ਕੀਤੀ ਅਤੇ 1983 ਵਿਚ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਲਿਮਟਿਡ (ਐੱਨ.ਐੱਚ.ਡੀ.ਸੀ.), ਭਾਰਤ ਸਰਕਾਰ ਦਾ ਅਦਾਰਾ, ਦੀ ਸਥਾਪਨਾ ਕੀਤੀ। ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਦਾ ਮੁੱਖ ਉਦੇਸ਼ ਸਾਰੇ ਦੇਸ਼ ਦੇ ਬੁਣਕਰਾਂ ਨੂੰ ਇਕ ਸੁਚਾਰੂ ਤੰਤ੍ਰ ਦੇ ਮਾਧਿਅਮ ਨਾਲ ਵਧੀਆ ਅਤੇ ਲੋੜੀਂਦੀ ਗੁਣਵਤਾ ਵਾਲਾ ਧਾਗਾ ਪ੍ਰਾਪਤ ਕਰਾਉਣਾ ਹੈ। ਕਿਸੇ ਖ਼ਾਸ ਸਥਾਨ ਤੇ ਨਿਰਮਿਤ ਧਾਗਾ ਉਸ ਸਥਾਨ ਅਤੇ ਆਸ-ਪਾਸ ਉਪਲਬਧ ਕਪਾਹ ਦੀ ਗੁਣਵਤਾ ਉੱਤੇ ਅਧਾਰਤ ਹੁੰਦਾ ਹੈ, ਜਦਕਿ ਕਿਸੇ ਖ਼ਾਸ ਸਥਾਨ ਤੇ ਬੁਣਕਰਾਂ ਵਲੋਂ ਇਸਤੇਮਾਲ ਕੀਤਾ ਜਾਣ ਵਾਲਾ ਧਾਗਾ ਉਸ ਖ਼ਾਸ ਸਥਾਨ ’ਚ ਪ੍ਰਚਲਤ ਉਪਭੋਗ ਪ੍ਰਣਾਲੀ ਉੱਤੇ ਅਧਾਰਤ ਹੁੰਦਾ ਹੈ। ਧਾਗੇ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਆਉਣ-ਲਿਜਾਣ ਕਾਰਨ ਕੀਮਤ ਵਿਚ ਵਾਧਾ ਹੁੰਦਾ ਹੈ ਅਤੇ ਇਸ ਦੇ ਕਾਰਨ ਬੁਣਕਰਾਂ ਨੂੰ ਘਾਟੇ ਦੀ ਸਥਿਤੀ ਸਹਿਣੀ ਪੈਂਦੀ ਹੈ। ਉਪਰੋਕਤ ਨੂੰ ਮੱਦੇ ਨਜ਼ਰ ਰਖਦੇ ਹੋਏ ਭਾਰਤ ਸਰਕਾਰ ਨੇ 1992 ਤੋਂ ਜਿਸ ਉੱਤੇ ਇਹ ਮਿਲ ਗੇਟ ’ਤੇ ਉਪਲਬਧ ਹੈ ਧਾਗੇ ਦੀ ਪੂਰਤੀ ਉਸ ਕੀਮਤ ’ਤੇ ਕਰਨ ਲਈ ਇਕ ਯੋਜਨਾ ਸ਼ੁਰੂ ਕੀਤੀ। ਇਸ ਯੋਜਨਾ ਦੇ ਅਧੀਨ ਧਾਗੇ ਦੀ ਪੂਰਤੀ ਵਿਚ ਆਉਣ ਵਾਲੇ ਟ੍ਰਾਂਸਪੋਰਟ ਖ਼ਰਚ ਨੂੰ ਭਾਰਤ ਸਰਕਾਰ ਵਲੋਂ ਸਹਿਣ ਕੀਤਾ ਜਾਂਦਾ ਹੈ। ਇਸ ਯੋਜਨਾ ਦੇ ਕਾਰਜਕਾਰੀ ਨੋਡਲ ਏ ਜੰਸੀ ਐੱਨ.ਐੱਚ.ਡੀ.ਸੀ. ਹੈ।

ਭਾਰਤ ਸਰਕਾਰ ਐੱਨ.ਐੱਚ.ਡੀ.ਸੀ. ਨੂੰ ਆਪਣੀਆਂ ਗਤੀਵਿਧੀਆਂ ਨੂੰ ਮਜ਼ਬੂਤ ਬਣਾਉਣ ਲਈ ਇਕਵਿਟੀ ਪ੍ਰਦਾਨ ਕਰਦੀ ਰਹੀ ਹੈ। ਹਾਲਾਂਕਿ ਐੱਨ.ਐੱਚ.ਡੀ.ਸੀ. ਦੀ ਪੂੰਜੀ ਨੂੰ ਵਧਾ ਕੇ ਇਸ ਨੂੰ ਮਜ਼ਬੂਤ ਕਰਨਾ ਇਸ ਦੀ ਗਤੀਵਿਧੀ ਭਾਵ ਮਿਲ ਗੇਟ ਕੀਮਤ ਯੋਜਨਾ ਨੂੰ ਚਲਾਉਣ ਦਾ ਅਭਿੰਨ ਹਿੱਸਾ ਹੈ, ਇਸ ਲਈ ਇਹ ਸਹੀ ਸਮਝਿਆ ਗਿਆ ਹੈ ਕਿ ਐੱਨ.ਐੱਚ.ਡੀ.ਸੀ. ਵਿਚ ਨਿਵੇਸ਼ ਕਰਨ ਸਬੰਧੀ ਭਾਗ ਨੂੰ ਮਿਲ ਗੇਟ ਕੀਮਤੀ ਯੋਜਨਾ ਵਿਚ ਸ਼ਾਮਲ ਕਰ ਦਿੱਤਾ ਜਾਏ। ਇਸ ਤਰ੍ਹਾਂ ਇਸ ਯੋਜਨਾ ਨੂੰ ਮਿਲ ਗੇਟ ਕੀਮਤ ਯੋਜਨਾ ਦਾ ਨਾਂ ਦਿੱਤਾ ਗਿਆ ਜਿਸ ਦੇ ਦੋ ਭਾਗ ਹਨ। (1) ਮਿਲ ਗੇਟ ਕੀਮਤ ’ਤੇ ਧਾਗੇ ਦੀ ਸਪਲਾਈ, (2) ਐੱਨ.ਐੱਚ.ਡੀ.ਸੀ. ਵਿਚ ਨਿਵੇਸ਼।

## (ਕ) ਮਿਲ ਗੇਟ ਕੀਮਤ ’ਤੇ ਧਾਗੇ ਦੀ ਸਪਲਾਈ

### 1. ਉਦੇਸ਼ :

ਇਸ ਭਾਗ ਦਾ ਉਦੇਸ਼ ਯੋਗ ਹੱਥਖੱਡੀ ਬੁਣਕਰਾਂ ਨੂੰ ਮਿਲ ਗੇਟ ਕੀਮਤਾਂ ’ਤੇ ਸਭ ਤਰ੍ਹਾਂ ਦੇ ਧਾਗੇ ਉਪਲਬਧ ਕਰਾਉਣਾ ਹੈ ਤਾਂਕਿ ਹੱਥਖੱਡੀ ਖੇਤਰ ’ਚ ਮੂਲਭੂਤ ਕੱਚੇ ਮਾਲ ਦੀ ਨਿਯਮਿਤ ਸਪਲਾਈ ਨੂੰ ਅਸਾਨ ਬਣਾਇਆ ਜਾ ਸਕੇ ਅਤੇ ਇਸ ਖੇਤਰ ਦੀ ਰੁਜ਼ਗਾਰ ਦੇਣ ਦੀ ਸਮਰੱਥਾ ਦਾ ਉਪਯੋਗ ਕਰਨ ਵਿਚ ਉਸ ਨੂੰ ਮਦਦ ਪਹੁੰਚਾਈ ਜਾ ਸਕੇ।

## 2. ਯੋਜਨਾ ਦਾ ਕਾਰਜ ਖੇਤਰ

2.1 ਜੋ ਏਜੰਸੀਆਂ ਇਸ ਯੋਜਨਾ ਦਾ ਲਾਭ ਲੈਣ ਲਈ ਯੋਗ ਹੋਣਗੀਆਂ, ਉਹ ਹੇਠ ਲਿਖੀਆਂ ਹਨ :-

(ਕ) ਰਾਸ਼ਟਰੀ/ਰਾਜ/ਖੇਤਰੀ/ਪ੍ਰਾਥਮਿਕ ਪੱਧਰ ਕੇ ਸਾਰੇ ਹੱਥਖੱਡੀ ਸੰਗਠਨ।

(ਖ) ਹੱਥਖੱਡੀ ਵਿਕਾਸ ਕੇਂਦਰ।

(ਗ) ਹੱਥਖੱਡੀ ਉਤਪਾਦਕ/ਨਿਰਯਾਤਕ/ਨਿਰਮਾਤਾ ਜੋ ਐੱਚ.ਈ.ਪੀ.ਸੀ. ਤੋਂ ਰਜਿਸਟਰਡ ਹੋਣ/ਕੱਪੜਾ ਮੰਤਰਾਲਾ/ਰਾਜਾਂ/ਯੂਨੀਅਨ ਟੈਰੀਟਰੀਜ਼ ਦੇ ਉਦਯੋਗ/ਹੱਥਖੱਡੀ ਨਿਦੇਸ਼ਕ ਦੇ ਅਧੀਨ ਕੋਈ ਹੋਰ ਨਿਰਯਾਤ ਵਿਕਾਸ ਬੋਰਡ।

(ਘ) ਹੱਥਖੱਡੀ ਵਸਤੂਆਂ ਨੂੰ ਤਿਆਰ ਕਰਨ ਲਈ ਸਾਰੇ ਪ੍ਰਵਾਨਿਤ ਨਿਰਯਾਤ ਹਾਊਸ/ਟਰੇਡਿੰਗ ਹਾਊਸ/ਸਟਾਰ ਟਰੇਡਿੰਗ ਹਾਊਸ।

(ਙ) ਮਾਨਤਾ ਪ੍ਰਾਪਤ/ਮਨਜ਼ੂਰਸ਼ੁਦਾ ਹੱਥਖੱਡੀ ਯੂਨੀਅਨਾਂ ਦੇ ਮੈਂਬਰ।

(ਚ) ਕਾਪਾਰਟ ਦੇ ਮਾਨਦੰਡਾਂ ਨੂੰ ਪੂਰਾ ਕਰਨ ਵਾਲੇ ਗੈਰ-ਸਰਕਾਰੀ ਸੰਗਠਨ।

(ਛ) ਵਿਕਾਸ ਕਮਿਸ਼ਨਰ (ਹੱਥਖੱਡੀ) ਕੱਪੜਾ ਮੰਤਰਾਲਾ, ਭਾਰਤ ਸਰਕਾਰ ਵਲੋਂ ਮਨਜ਼ੂਰਸ਼ੁਦਾ ਕੋਈ ਹੋਰ ਏਜੰਸੀ।

2.2 ਹੱਥਖੱਡੀ ਵਸਤੂਆਂ ਨੂੰ ਤਿਆਰ ਕਰਨ ਲਈ ਲੋੜੀਂਦੇ ਸਭ ਕਿਸਮ ਦੇ ਧਾਗੇ ਮਿਲ ਗੇਟ ਕੀਮਤਾਂ 'ਤੇ ਉਪਲਬਧ ਕਰਾਇਆ ਜਾ ਸਕਦਾ ਹੈ। ਮਿਲ ਗੇਟ ਕੀਮਤ ਦਾ ਅਰਥ ਅਜਿਹੀ ਕੀਮਤ ਤੋਂ ਹੈ ਜਿਸ ਕੀਮਤ ਉੱਤੇ ਧਾਗਾ ਸਿਲਕ ਦੇ ਮਾਮਲੇ ਸਿਲਕ ਐਕਸਚੇਂਜ ਦੇ ਰਜਿਸਟਰਡ ਲਾਇਸੰਸ ਧਾਰਕਾਂ ਤੋਂ, ਰੰਗੇ ਹੋਏ/ਤਿਆਰ ਕੀਤੇ ਧਾਗੇ ਦੇ ਮਾਮਲਿਆਂ ਵਿਚ ਤਿਆਰ ਕਰਨ ਵਾਲੇ /ਰੰਗਾਈ ਘਰਾਂ ਤੋਂ ਅਤੇ ਸੂਤੀ ਅਤੇ ਹੋਰ ਕਿਸਮ ਦੇ ਧਾਗਿਆਂ ਦੇ ਮਾਮਲੇ ਵਿਚ ਵੱਡੀਆਂ ਕਤਾਈ ਮਿੱਲਾਂ ਤੋਂ ਖਰੀਦਿਆ ਜਾਂਦਾ ਹੈ। ਰੇਸ਼ਮੀ ਧਾਗੇ ਅਤੇ ਰੰਗੇ ਹੋਏ/ਤਿਆਰ ਕੀਤੇ ਧਾਗੇ ਦੇ ਮਾਮਲੇ ਵਿਚ ਐੱਨ.ਐੱਚ.ਡੀ.ਸੀ. ਤੋਂ ਹਰ ਤਰ੍ਹਾਂ ਦੇ ਭੁਗਤਾਨ ਉਨ੍ਹਾਂ ਦੇ ਬੈਂਕ ਖ਼ਾਤਿਆਂ ਵਿਚ ਅਕਾਊਂਟ ਪੇਈ ਚੈਕ ਦੇ ਮਾਧਿਅਮ ਨਾਲ ਕੀਤੇ ਜਾਣ।

## 3. ਸੰਗਠਨਾਤਮਕ ਵਿਵਸਥਾ-

3.1 ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ (ਐੱਨ.ਐੱਚ.ਡੀ.ਸੀ.) ਕਾਰਜਕਾਰੀ ਏਜੰਸੀ ਹੋਵੇਗੀ।

3.2 2.1 ਵਿਚ ਲਿਖੀਆਂ ਯੋਗ ਏਜੰਸੀਆਂ ਨੂੰ ਹੀ ਐੱਨ.ਐੱਚ.ਡੀ.ਸੀ. ਵਲੋਂ ਧਾਗੇ ਦੀ ਸਪਲਾਈ ਕੀਤੀ ਜਾਏਗੀ।

## 4. ਸਪਲਾਈ ਸਬੰਧੀ ਪ੍ਰਣਾਲੀ

4.1 ਯੋਗ ਏਜੰਸੀਆਂ ਯੋਜਨਾ ਦੇ ਅਧੀਨ ਐੱਨ.ਐੱਚ.ਡੀ.ਸੀ. ਨੂੰ ਆਪਣੀ ਡਿਮਾਂਡ ਭੇਜੇਗੀ।

4.2 ਐੱਨ.ਐੱਚ.ਡੀ.ਸੀ. ਡਿਮਾਂਡ ਨਿਰਦੇਸ਼ਾਂ ਦੇ ਅਨੁਸਾਰ ਸਪਲਾਇਰਾਂ ਨਾਲ ਪੂਰਤੀ ਸਬੰਧੀ ਸਮਝੌਤਾ ਕਰੇਗਾ।

4.3 ਉਪਭੋਗਤਾ ਏਜੰਸੀਆਂ ਹੱਥਖੱਡੀਆਂ ਤੇ ਕੱਪੜਾ ਤਿਆਰ ਕਰਨ ਜਾਂ ਯੋਜਨਾ ਵਿਚ ਦਰਜ ਆਪਣੀਆਂ ਮੈਂਬਰ ਏਜੰਸੀਆਂ/ਬੁਣਕਰਾਂ ਨੂੰ ਇਸ ਦੇ ਪੂਰੇ ਲਾਭ ਪਹੁੰਚਾਉਂਦੇ ਹੋਏ ਧਾਗੇ ਦਾ ਉਪਯੋਗ ਕਰਨਗੀਆਂ। ਹਰੇਕ ਉਪਭੋਗਤਾ ਏਜੰਸੀ ਅਨੁਬੰਧ-1 ਵਿਚ ਨਿਰਧਾਰਤ ਫਾਰਮ 'ਚ ਇਸ ਸਬੰਧੀ ਇਕ ਵਚਨਬੱਧ ਐੱਨ.ਐੱਚ.ਡੀ.ਸੀ. ਨੂੰ ਪੇਸ਼ ਕਰੇਗੀ।

## 5. ਦਾਅਵਾ ਪ੍ਰਤੀਪੂਰਤੀ

5.1 ਮਿਲ ਗੇਟ ਕੀਮਤ ਯੋਜਨਾ ਦੇ ਅਧੀਨ ਭਾਰਤ ਸਰਕਾਰ ਵਲੋਂ ਪੈਰਾ 5.2 ਵਿਚ ਲਿਖੀਆਂ ਦਰਾਂ ਤੇ ਹੇਠ ਲਿਖੀ ਸਹਾਇਤਾ ਪ੍ਰਦਾਨ ਕੀਤੀ ਜਾਏਗੀ :

(i) ਧਾਗੇ ਦੀ ਧੁਲਾਈ ਲਈ ਕਿਰਾਏ ਦੀ ਪ੍ਰਤੀਪੂਰਤੀ।

(ii) 2.5% ਦੀ ਦਰ ਨਾਲ ਵਾਸਤਵਿਕ ਦੇ ਅਧਾਰ ਤੇ ਧਾਗਾ ਡਿਪੂ ਚਲਾਉਣ ਦੇ ਖ਼ਰਚ।

(iii) ਮਿਲ ਗੇਟ ਕੀਮਤ ਯੋਜਨਾ ਚਲਾਉਣ ਲਈ ਨੋਡਲ ਏਜੰਸੀ ਦੇ ਰੂਪ ਵਿਚ ਭੂਮਿਕਾ ਲਈ ਐੱਨ.ਐੱਚ.ਡੀ.ਸੀ. ਨੂੰ ਸੇਵਾ ਖ਼ਰਚ।

ਇਨ੍ਹਾਂ ਵਿਚੋਂ ਨੰਬਰ (i) ਤੇ (ii) ਵਿਚ ਦਸੀ ਸਹਾਇਤਾ ਐੱਨ.ਐੱਚ.ਡੀ.ਸੀ. ਵਲੋਂ ਯੋਗ ਏਜੰਸੀਆਂ (ਪੈਰ੍ਹਾ 2.1 ਵਿਚ

ਦਸੀ) ਨੂੰ ਅਦਾ ਕੀਤੀ ਜਾਏਗੀ ਅਤੇ ਜਿਸ ਦੀ ਬਾਅਦ ਵਿਚ ਪ੍ਰਤੀਪੂਰਤੀ ਐੱਨ.ਐੱਚ.ਡੀ.ਸੀ. ਨੂੰ ਭਾਰਤ ਸਰਕਾਰ ਵਲੋਂ ਕੀਤੀ ਜਾਏਗੀ।

5.2 ਕਿਰਾਏ ਦੀ ਪ੍ਰਤੀਪੂਰਤੀ, ਡਿਪੂ ਸੰਚਾਲਨ ਖ਼ਰਚ ਅਤੇ ਐੱਨ.ਐੱਚ.ਡੀ.ਸੀ. ਨੂੰ ਸੇਵਾ ਖ਼ਰਚ ਇਸ ਤਰ੍ਹਾਂ ਦਿਤਾ ਜਾਏਗਾ :

### (ਕ) ਮੈਦਾਨੀ ਖੇਤਰ ਦੀ ਪੂਰਤੀ

(ਸਪਲਾਈ ਹੋਏ ਧਾਗੇ ਦੇ ਮੁੱਲ ਦਾ %)

| ਧਾਗੇ ਦੀ ਕਿਸਮ | ਯੋਗ ਏਜੰਸੀਆਂ ਨੂੰ ਵਧ ਤੋਂ ਵਧ ਕਿਰਾਏ ਦੀ ਪ੍ਰਤੀਪੂਰਤੀ | ਯੋਗ ਏਜੰਸੀਆਂ ਦਾ ਡਿਪੂ ਸੰਚਾਲਨ ਖ਼ਰਚ | ਐੱਨ.ਐੱਚ.ਡੀ.ਸੀ. ਨੂੰ ਸੇਵਾ ਖ਼ਰਚ |
|---|---|---|---|
| ਰੇਸ਼ਮ/ਜੂਟ ਧਾਗੇ ਤੋਂ ਇਲਾਵਾ | 1.0% | 2.5% | 1.5% |
| ਰੇਸ਼ਮ ਦਾ ਧਾਗਾ | 1.0% | 2.5% | 1.5% |
| ਜੂਟ ਧਾਗਾ | 7.0% | 2.5% | 1.5% |

### (ਖ) ਪਹਾੜੀ ਅਤੇ ਦੂਰ-ਦੁਰਾੜੇ ਖੇਤਰਾਂ ਵਿਚ ਸਪਲਾਈ

(ਸਪਲਾਈ ਹੋਏ ਧਾਗੇ ਦੇ ਮੁੱਲ ਦਾ %)

| ਧਾਗੇ ਦੀ ਕਿਸਮ | ਯੋਗ ਏਜੰਸੀਆਂ ਨੂੰ ਵਧ ਤੋਂ ਵਧ ਕਿਰਾਏ ਦੀ ਪ੍ਰਤੀਪੂਰਤੀ | ਯੋਗ ਏਜੰਸੀਆਂ ਦਾ ਡਿਪੂ ਸੰਚਾਲਨ ਖ਼ਰਚ | ਐੱਨ.ਐੱਚ.ਡੀ.ਸੀ. ਨੂੰ ਸੇਵਾ ਖ਼ਰਚ |
|---|---|---|---|
| ਰੇਸ਼ਮ/ਜੂਟ ਧਾਗੇ ਤੋਂ ਇਲਾਵਾ | 1.75% | 2.5% | 1.0% |
| ਰੇਸ਼ਮ ਦਾ ਧਾਗਾ | 1.25% | 2.5% | 1.0% |
| ਜੂਟ ਧਾਗਾ | 8.0% | 2.5% | 1.0% |

### (ਗ) ਪੂਰਬ-ਉਤਰ ਖੇਤਰ ਵਿਚ ਸਪਲਾਈ

(ਸਪਲਾਈ ਹੋਏ ਧਾਗੇ ਦੇ ਮੁੱਲ ਦਾ %)

| ਧਾਗੇ ਦੀ ਕਿਸਮ | ਯੋਗ ਏਜੰਸੀਆਂ ਨੂੰ ਵਧ ਤੋਂ ਵਧ ਕਿਰਾਏ ਦੀ ਪ੍ਰਤੀਪੂਰਤੀ | ਯੋਗ ਏਜੰਸੀਆਂ ਦਾ ਡਿਪੂ ਸੰਚਾਲਨ ਖ਼ਰਚ | ਐੱਨ.ਐੱਚ.ਡੀ.ਸੀ. ਨੂੰ ਸੇਵਾ ਖ਼ਰਚ |
|---|---|---|---|
| ਰੇਸ਼ਮ/ਜੂਟ ਧਾਗੇ ਤੋਂ ਇਲਾਵਾ | 3.0% | 2.5% | 0.75% |
| ਰੇਸ਼ਮ ਦਾ ਧਾਗਾ | 1.5% | 2.5% | 0.75% |
| ਜੂਟ ਧਾਗਾ | 8.5% | 2.5% | 0.75% |

5.3 ਜਿੱਥੇ ਐੱਨ.ਐੱਚ.ਡੀ.ਸੀ. ਸਿੱਧੀ ਡਿਲੀਵਰੀ ਲਈ ਨਾ ਕਿ ਧਾਗੇ ਡਿਪੂ ਦੇ ਜ਼ਰੀਏ, ਧਾਗੇ ਦੀ ਸਪਲਾਈ ਕਰੇਗਾ, ਪੈਰ੍ਹਾ 5.2 ਵਿਚ ਜਿਵੇਂ ਦਸਿਆ ਹੈ ਸਿਰਫ਼ ਕਿਰਾਇਆ ਅਤੇ ਸੇਵਾ ਖ਼ਰਚ ਦੀ ਹੀ ਪ੍ਰਤੀਪੂਰਤੀ ਕਰੇਗਾ।

5.4 ਐੱਨ.ਐੱਚ.ਡੀ.ਸੀ. ਤੋਂ ਪ੍ਰਾਪਤ ਸਹਾਇਤਾ ਵਿਚੋਂ ਬਿਨਾਂ ਭੇਦ-ਭਾਵ ਦੇ ਅਧਾਰ 'ਤੇ ਕਿਰਾਏ ਦੀ ਲਾਗਤ ਨੂੰ ਪੂਰਾ ਕਰਨ ਦੀ ਜ਼ਰੂਰਤ ਹੈ। ਜਿਵੇਂ ਕਿ ਪੈਰ੍ਹਾ 5.2 ਵਿਚ ਦਸਿਆ ਹੈ। ਪੂਰਬ-ਉਤਰ ਰਾਜਾਂ ਦੀਆਂ ਮੁੱਖ ਜ਼ਰੂਰਤਾਂ ਨੂੰ ਵੇਖਦੇ ਹੋਏ ਉਨ੍ਹਾਂ ਲਈ ਕਿਰਾਇਆ ਪ੍ਰਤੀਪੂਰਤੀ ਦੀ ਦਰ ਨੂੰ ਵਧਾ ਕੇ ਰਖਿਆ ਗਿਆ ਹੈ। ਧਾਗੇ ਨੂੰ ਮਿਲਾਂ ਤੋਂ ਏਜੰਸੀਆਂ ਤਕ ਲਿਜਾਂਦੇ ਸਮੇਂ ਪ੍ਰਤੀਪੂਰਤੀ ਦੀ ਦਰ ਦੀ ਗਣਨਾ ਮਾਤਰਾ, ਮੁੱਲ ਅਤੇ ਮਾਲ ਕਿਰਾਏ ਦੀ ਪ੍ਰਵਿਰਤੀ ਦੇ ਅਧਾਰ ਤੇ ਕੀਤੀ ਗਈ ਹੈ। ਖੇਤਰ ਦੀ ਪ੍ਰਾਥਮਿਕਤਾ ਦੇ ਸਬੰਧ ਵਿਚ ਪੂਰਬ-ਉਤਰ ਅਤੇ ਪਹਾੜੀ ਦੂਰ-ਦੁਰਾਡੇ ਖੇਤਰਾਂ ਵਲ ਧਿਆਨ ਦੇਣ ਦੀ ਜ਼ਰੂਰਤ ਹੈ।

5.5 ਧਾਗੇ ਦੀ ਲਾਗਤ ਤੋਂ ਇਲਾਵਾ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਧਾਗੇ ਦੀ ਪ੍ਰਾਪਤੀ ਦੇ ਸਥਾਨ ਭਾਵ ਰੇਸ਼ਮ ਤੇ ਮਾਮਲੇ ਵਿਚ ਕਤਾਈ ਮਿਲਾਂ/ਰਜਿਸਟਰਡ ਲਾਇਸੈਂਸ ਪ੍ਰਾਪਤ ਯੂਨਿਟਾਂ ਅਤੇ ਤਿਆਰ/ਰੰਗੇ ਹੋਏ ਧਾਗੇ ਦੀ ਸਥਿਤੀ ਵਿਚ ਫੈਕਟਰੀਆਂ/ਰੰਗਾਈ ਵਰਕਸ਼ਾਪਾਂ ਤੋਂ ਸਪਲਾਈ ਕੀਤੇ ਗਏ ਅਤੇ ਪਹੁੰਚ ਸਥਾਨ ਭਾਵ ਏਜੰਸੀ ਦੇ ਉਸ ਦੇ ਪ੍ਰਚਾਲਨ ਕਾਰਜ ਖੇਤਰ ਵਿਚ ਸਥਿਤ ਗੋਦਾਮ ਤਕ ਪਹੁੰਚਾਏ ਗਏ ਧਾਗੇ ਤੇ ਆਉਣ ਵਾਲੀ ਟ੍ਰਾਂਸਪੋਰਟ ਲਾਗਤ ਸਹਿਨ ਕਰੇਗਾ। ਟ੍ਰਾਂਸਪੋਰਟ ਲਾਗਤ ਦਾ ਲੇਖਾ-ਜੋਖਾ ਬਣਾਉਣ ਲਈ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਮਾਲ ਨੂੰ ਕਿਰਾਏ ਦੀ ਅਦਾਇਗੀ ਦੇ ਅਧਾਰ ਤੇ ਭੇਜੇਗੀ ਅਤੇ ਉਪਭੋਗਤਾ ਏਜੰਸੀਆਂ ਵਲੋਂ ਇਸ ਤਰ੍ਹਾਂ ਦੀ ਕੀਤੀ ਗਈ ਪੂਰੀ ਰਕਮ ਦੀ ਪ੍ਰਤੀਪੂਰਤੀ ਐੱਨ.ਐੱਚ.ਡੀ.ਸੀ. ਵਲੋਂ ਤਿਮਾਹੀ ਅਧਾਰ ਤੇ ਕੀਤੀ ਜਾਏਗੀ। ਅਜਿਹੀ ਪ੍ਰਤੀਪੂਰਤੀ ਐੱਲ.ਆਰ./ਜੀ.ਆਰ. ਆਦਿ ਦੇ ਨਾਲ ਦਾਅਵਾ ਬਿਲ ਪੇਸ਼ ਕਰਨ ਤੇ ਕੀਤੀ ਜਾਏਗੀ। ਅਸਲ ਟ੍ਰਾਂਸਪੋਰਟ ਖ਼ਰਚ ਜਾਂ ਪੈਰ੍ਹਾ 5.2 ਵਿਚ ਦਸੀਆਂ ਕਿਰਾਇਆ ਪ੍ਰਤੀਪੂਰਤੀ ਦੀਆਂ ਦਰਾਂ, ਜੋ ਵੀ ਘਟ ਰਕਮ ਹੋਵੇ, ਦੀ ਇਜਾਜ਼ਤ ਹੋਵੇਗੀ। ਭਾਰਤ ਸਰਕਾਰ ਵਲੋਂ ਇਸ ਦੀ ਪ੍ਰਤੀਪੂਰਤੀ ਐੱਨ.ਐੱਚ.ਡੀ.ਸੀ. ਨੂੰ ਕੀਤੀ ਜਾਏਗੀ। ਐੱਨ.ਐੱਚ.ਡੀ.ਸੀ. ਵਲੋਂ ਉਪਭੋਗਤਾ ਏਜੰਸੀਆਂ ਨੂੰ ਟ੍ਰਾਂਸਪੋਰਟ ਖ਼ਰਚ ਭੁਗਤਾਨ ਉਸ ਦੇ ਆਪਣੇ ਬੈਂਕ ਖਾਤੇ ਵਿਚ ਚੈਕ ਦੇ ਮਾਧਿਅਮ ਨਾਲ ਕੀਤਾ ਜਾਏਗਾ। ਕਿਸੇ ਵੀ ਸਥਿਤੀ ਵਿਚ ਐੱਨ.ਐੱਚ.ਡੀ.ਸੀ. ਟ੍ਰਾਂਸਪੋਰਟ ਨੂੰ ਨਗਦ ਜਾਂ ਚੈਕ ਰਾਹੀਂ ਸਿੱਧਾ ਭੁਗਤਾਨ ਨਹੀਂ ਕਰੇਗਾ। ਅਨੁਬੰਧ-2 ਦੇ ਪਰਿਸ਼ਿਸ਼ਟ ਖ ਵਿਚ ਦਸੇ ਫਾਰਮੇਟ ਵਿਚ ਕਾਰਜਕਾਰੀ ਏਜੰਸੀ ਵਲੋਂ ਧਾਗਾ ਖ਼ਰੀਦ, ਟ੍ਰਾਂਸਪੋਟੇਸ਼ਨ ਦਾ ਵੇਰਵਾ ਦੇਣਾ ਹੋਵੇਗਾ।

5.6 ਐੱਨ.ਐੱਚ.ਡੀ.ਸੀ. ਯਥਾ ਸੰਭਵ ਕਾਫ਼ੀ ਸਮਾਂ ਪਹਿਲਾਂ ਵਿਹਾਰਕ ਖ਼ਰੀਦ ਸਬੰਧੀ ਪਲਾਨ ਤਿਆਰ ਕਰੇਗਾ ਤਾਂਕਿ ਇਹ ਨਿਸ਼ਚਿਤ ਕੀਤਾ ਜਾ ਸਕੇ ਕਿ ਉਸੇ ਜਾਂ ਆਸ-ਪਾਸ ਦੇ ਰਾਜਾਂ ਵਿਚ ਸਥਿਤ ਨਜ਼ਦੀਕੀ ਮਿੱਲਾਂ ਤੋਂ ਬਿਨਾਂ ਰੁਕਾਵਟ ਸਪਲਾਈ ਹੋ ਸਕੇ।

5.7 ਸਰਕਾਰੀ ਸਹਾਇਤਾ ਵੇਚੇ ਗਏ ਧਾਗੇ ਨੂੰ ਅਸਲ ਵਿਚ ਕਾਰਜਕਾਰੀ ਏਜੰਸੀ ਦੇ ਸਪੁਰਦ ਕੀਤੇ ਜਾਣ ਤੇ ਹੀ ਲਾਗੂ ਹੋਵੇਗੀ। ਨਿਰਧਾਰਤ ਦਰਾਂ 'ਤੇ ਸਹਾਇਤਾ ਤਿਮਾਹੀ ਅਧਾਰ ਤੇ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਦਫ਼ਤਰ ਵਲੋਂ ਨਿਰਧਾਰਤ ਫਾਰਮ ਵਿਚ ਐੱਨ.ਐੱਚ.ਡੀ.ਸੀ. ਵਲੋਂ ਹਰੇਕ ਤਿਮਾਹੀ ਦੀ ਸਮਾਪਤੀ ਤੇ ਆਡਿਟ ਪ੍ਰਮਾਣ-ਪੱਤਰ ਪੇਸ਼ ਕੀਤੇ ਜਾਣ ਤੇ ਦਿੱਤੀ ਹੋਵੇਗੀ (ਅਨੁਬੰਧ-2 ਅਤੇ ਅਨੁਬੰਧ-2 ਦਾ ਪਰਿਸ਼ਿਸ਼ਟ ਕ)।

ਇਹ ਪ੍ਰਮਾਣ-ਪੱਤਰ ਚਾਰਟਿਡ ਅਕਾਊਂਟੈਂਟ ਵਲੋਂ ਜਾਰੀ ਕੀਤਾ ਜਾਣਾ ਜ਼ਰੂਰੀ ਹੈ। ਆਡਿਟ ਪ੍ਰਮਾਣ-ਪੱਤਰ ਦੇ ਨਾਲ ਹਰੇਕ ਕਾਰਜਕਾਰੀ ਏਜੰਸੀ ਵਲੋਂ ਵੱਖਰੇ ਤੌਰ ਤੇ ਭੇਜੇ ਜਾਣ ਵਾਲੇ ਸਪਲਾਈ ਕੀਤੇ ਗਏ ਧਾਗੇ ਦੇ ਏਜੰਸੀ ਅਨੁਸਾਰ ਵੇਰਵੇ (ਪਰਿਸ਼ਿਸ਼ਟ ਖ, ਅਨੁਬੰਧ-2) ਭੇਜੇ ਜਾਣਗੇ। ਏਜੰਸੀ ਆਪਣੇ ਦਾਅਵੇ ਦੇ ਨਾਲ ਐੱਨ.ਐੱਚ.ਡੀ.ਸੀ. ਨੂੰ ਐੱਲ.ਆਰ./ਜੀ.ਆਰ. ਆਦਿ ਦੀ ਇਕ ਕਾਪੀ ਵੀ ਪੇਸ਼ ਕਰੇਗੀ।

5.8 ਨਿਰਧਾਰਤ ਦਰਾਂ ਤੇ ਸਰਕਾਰੀ ਸਹਾਇਤਾ ਦੀ ਪੂਰੀ ਰਕਮ ਆਡਿਟ ਵੇਰਵਾ ਦੇਣ ਮਗਰੋਂ ਅਦਾ ਕੀਤੀ ਜਾਏਗੀ। ਜਿਸ ਦੀ ਛਾਣਬੀਨ ਵਿਕਾਸ ਕਮਿਸ਼ਨਰ (ਹੱਥਖੱਡੀ) ਦੇ ਦਫ਼ਤਰ ਵਲੋਂ ਕੀਤੀ ਜਾਏਗੀ। ਕਾਰਜਕਾਰੀ ਏਜੰਸੀਆਂ ਵਲੋਂ ਕੀਤੇ ਗਏ ਟ੍ਰਾਂਸਪੋਰਟ ਖ਼ਰਚ ਦੀ ਪ੍ਰਤੀਪੂਰਤੀ ਸਮੇਂ ਸਿਰ ਕੀਤੇ ਜਾਣ ਲਈ ਐੱਨ.ਐੱਚ.ਡੀ.ਸੀ. ਵਲੋਂ 100.00 ਲੱਖ ਰੁਪਏ ਤਕ ਦੀ ਰਕਮ ਦਾ ਐਡਵਾਂਸ ਹਰੇਕ ਤਿਮਾਹੀ ਦੇ ਅਰੰਭ ਵਿਚ ਦਿੱਤਾ ਜਾਏਗਾ। ਜਿਸ ਨਾਲ ਸਬੰਧਤ ਤਿਮਾਹੀ ਦੇ ਅੰਤਮ ਦਾਅਵਿਆਂ ਨਾਲ ਐਡਜਸਟ ਕੀਤਾ ਜਾਏਗਾ, ਜੋ ਇਸ ਸ਼ਰਤ ਦੇ ਅਧੀਨ ਹੋਵੇਗਾ ਕਿ ਪਿਛਲੇ ਸਾਲ ਵਿਚ ਐੱਨ.ਐੱਚ.ਡੀ.ਸੀ. ਨੂੰ ਦਿੱਤੇ ਗਏ ਐਡਵਾਂਸ ਖਾਤਿਆਂ ਦਾ ਐੱਨ.ਐੱਚ.ਡੀ.ਸੀ. ਵਲੋਂ ਪੂਰੀ ਤਰ੍ਹਾਂ ਨਿਪਟਾਰਾ ਕੀਤਾ ਗਿਆ ਹੋਵੇ।

## 6. ਡਿਪੂ ਦਾ ਸੰਚਾਲਨ :

### 6.1 ਉਦੇਸ਼ :

ਹੱਥਖੱਡੀ ਬੁਣਕਰ ਦੂਰ-ਦੁਰਾਡੇ ਅਤੇ ਅੰਦਰੂਨੀ ਥਾਵਾਂ ਤੇ ਸੂਤ ਦੀ ਸਮੇਂ ਸਿਰ ਸਪਲਾਈ ਨਾ ਮਿਲਣ ਦੀ ਸਮੱਸਿਆ ਦਾ ਲਗਾਤਾਰ ਸਾਹਮਣਾ ਕਰ ਰਹੇ ਹਨ। ਇਸ ਲਈ ਧਾਗੇ ਦੀ ਸਮੇਂ ਸਿਰ ਸਪਲਾਈ ਨੂੰ ਸੁਵਿਧਾਜਨਕ ਬਣਾਉਣ ਲਈ ਜ਼ਰੂਰੀ ਹੈ ਕਿ ਵਿਕਸਿਤ ਢਾਂਚੇ ਦਾ ਇਨ੍ਹਾਂ ਖੇਤਰਾਂ ਵਿਚ ਵਧ ਤੋਂ ਵਧ ਉਪਯੋਗ ਹੋਗੇ। ਨਿਰੰਤਰ ਅਧਾਰ ਤੇ ਡਿਪੂ ਚਲਾਉਣ ਦੇ ਸਬੰਧ ਵਿਚ ਵਿਭਿੰਨ ਏਜੰਸੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਸਭ ਕਿਸਮਾਂ ਦੇ ਸੂਤ (ਭਾਵ ਮਿਲ ਗੇਟ ਕੀਮਤ ਯੋਜਨਾ ਦੇ ਅਧੀਨ ਪ੍ਰਾਪਤ ਸੂਤ ਅਤੇ ਏਜੰਸੀਆਂ ਵਲੋਂ ਸਿੱਧੇ ਹੀ ਪ੍ਰਾਪਤ ਕੀਤੇ ਗਏ ਸੂਤ) ਦੀ ਸਪਲਾਈ ਧਾਗਾ ਡਿਪੂਆਂ ਦੇ ਮਾਧਿਅਮ ਨਾਲ ਕੀਤੀ ਜਾਏਗੀ ਤਦ ਵੀ ਮਿਲ ਗੇਟ ਕੀਮਤੀ ਯੋਜਨਾ ਦੇ ਅਧੀਨ ਐੱਨ.ਐੱਚ.ਡੀ.ਸੀ. ਵਲੋਂ ਸਪਲਾਈ ਕੀਤੇ ਗਏ ਧਾਗੇ ਦੇ ਮੁੱਲ ਤੇ ਮਾਤਰਾ ਡਿਪੂ ਸੰਚਾਲਨ ਖ਼ਰਚਿਆਂ ਦੀ ਪ੍ਰਤੀਪੂਰਤੀ ਲਈ ਕੀਤੀ ਜਾਏਗੀ। ਗਿਆਰ੍ਹਵੀਂ ਯੋਜਨਾ ਪੀਰੀਅਡ ਦੇ ਦੌਰਾਨ ਐੱਨ.ਐੱਚ.ਡੀ.ਸੀ. ਬੇਹਤਰ ਅਤੇ ਵਿਆਪਕ ਸਥਾਪਨ ਵਿਤਰਣ ਪ੍ਰੋਗਰਾਮ ਸਹਿਤ ਹੋਰ ਜ਼ਿਆਦਾ ਸੂਤ ਡਿਪੂ ਖੋਲ੍ਹੇਗਾ।

### 6.2 ਵਿਸਤਾਰ :

ਪੈਰ੍ਹਾ 2.1 ਦੇ ਅਧੀਨ ਸ਼ਾਮਲ ਸਾਰੀਆਂ ਏਜੰਸੀਆਂ ਡਿਪੂ ਚਲਾਉਣ ਲਈ ਅਧਿਕਾਰੀ ਹੋਣਗੀਆਂ।

### 6.3 ਸਥਾਨ-

ਐੱਨ.ਐੱਚ.ਡੀ.ਸੀ. ਦੀ ਸਹਿਮਤੀ ਨਾਲ ਇਨ੍ਹਾਂ ਡਿਪੂਆਂ ਦੇ ਸਥਾਨ ਦੇ ਬਾਰੇ ਵਿਚ ਏਜੰਸੀ ਵਲੋਂ ਨਿਰਣਾ ਲਿਆ ਜਾਏਗਾ।

6.4 ਡਿਪੂ ਸੰਚਾਲਨ ਲਈ ਹਾਲਾਂਕਿ ਕੋਈ ਨਵਾਂ ਸਟਾਫ਼ ਨਹੀਂ ਰਖਿਆ ਜਾਏਗਾ ਤਦ ਵੀ, ਡਿਪੂ ਚਲਾਉਣ ਸਬੰਧੀ ਖ਼ਰਚ ਦੀ ਪ੍ਰਤੀਪੂਰਤੀ ਐੱਨ.ਐੱਚ.ਡੀ.ਸੀ. ਵਲੋਂ 2.5% ਦੀ ਦਰ ਨਾਲ ਸੰਚਾਲਨ ਏਜੰਸੀ ਨੂੰ ਕੀਤੀ ਜਾਏਗੀ। ਐੱਨ.ਐੱਚ.ਡੀ.ਸੀ. ਨੂੰ ਮਿਲ ਗੇਟ ਯੋਜਨਾ ਦੇ ਉਪਬੰਧਾਂ ਵਿਚੋਂ ਇਸ ਰਕਮ ਦੀ ਪ੍ਰਤੀਪੂਰਤੀ ਅਸਲ ਖ਼ਰਚ ਦੇ ਅਧਾਰ ਤੇ ਐੱਨ.ਐੱਚ.ਡੀ.ਸੀ. ਨੂੰ ਅਨੁਬੰਧ-2 ਦੇ ਪਰਿਸ਼ਿਸ਼ਟ 'ਗ' ਦੇ ਅਨੁਸਾਰ ਦਾਅਵੇ ਪੇਸ਼ ਕਰਨ ਤੇ ਕੀਤੀ ਜਾਏਗੀ।

## 7. ਮੋਬਾਇਲ ਵੈਨ ਚਲਾਉਣਾ-

### 7.1 ਉਦੇਸ਼

ਦੂਰ-ਦੁਰਾਡੇ ਖੇਤਰਾਂ ਵਿਚ ਬੁਣਕਰਾਂ ਤਕ ਪਹੁੰਚਣ ਲਈ ਏਜੰਸੀ ਨੂੰ ਸਮੇਂ-ਸਮੇਂ ਤੇ ਮੋਬਾਇਲ ਵੈਨ ਚਲਾਉਣ ਦੀ ਜ਼ਰੂਰਤ ਹੁੰਦੀ ਹੈ, ਤਾਂਕਿ ਬੁਣਕਰ ਸੂਤ ਪ੍ਰਾਪਤ ਨਾ ਹੋਣ ਕਾਰਨ ਪ੍ਰਭਾਵਤ ਨਾ ਹੋਣ।

### 7.2 ਵਿਸਤਾਰ

ਪੈਰ੍ਹਾ 2.1 ਦੇ ਅਧੀਨ ਸ਼ਾਮਲ ਸਾਰੀਆਂ ਏਜੰਸੀਆਂ ਨੂੰ ਮੋਬਾਇਲ ਵੈਨ ਚਲਾਉਣ ਲਈ ਅਧਿਕਾਰੀ ਹੋਣਗੀਆਂ। ਤਦ ਵੀ, ਜਿਨ੍ਹਾਂ ਏਜੰਸੀਆਂ ਡਿਪੂ ਚਲਾਉਣ ਲਈ ਮਾਨਤਾ ਪ੍ਰਾਪਤ ਹਨ, ਉਨ੍ਹਾਂ ਨੂੰ ਮੋਬਾਇਲ ਵੈਨ ਚਲਾਉਣ ਦੀ ਇਜਾਜ਼ਤ ਨਹੀਂ ਦਿੱਤੀ ਜਾਏਗੀ।

40 ਮੋਬਾਇਲ ਵੈਨਾਂ ਨੂੰ ਇਸ ਤਰ੍ਹਾਂ ਚਲਾਇਆ ਜਾਏਗਾ ਤਾਂਕਿ ਹਰੇਕ ਰਾਜ ਵਿਚ ਘੱਟੋ-ਘੱਟ ਇਕ ਮੋਬਾਇਲ ਵੈਨ ਉਪਲਬਧ ਰਹੇ। ਇਸ ਤੋਂ ਇਲਾਵਾ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਦੀ ਪ੍ਰਵਾਨਗੀ ਨਾਲ ਹੋਰ ਜ਼ਿਆਦਾ ਮੋਬਾਇਲ ਵੈਨ ਚਲਾਏ ਜਾਣ ਸਬੰਧੀ ਵਿਚਾਰ ਕੀਤਾ ਜਾ ਸਕਦਾ ਹੈ। ਪੂਰਬ-ਉਤਰ ਰਾਜਾਂ ਅਤੇ ਪਹਾੜੀ ਖੇਤਰਾਂ ਨੂੰ ਪਹਿਲ ਦਿੱਤੀ

ਜਾਏਗੀ। ਦੇਸ਼ ਦੇ ਬਾਕੀ ਹਿੱਸਿਆਂ ਵਿਚ ਸਥਿਤ ਦੂਰ-ਦੁਰਾਡੇ ਖੇਤਰਾਂ ਨੂੰ ਇਹ ਸਹੂਲਤ ਮੁਹੱਈਆ ਕਰਾਉਣ ਲਈ ਹੱਥਖੱਡੀ ਵਿਕਾਸ ਕਮਿਸ਼ਨਰ ਦਫ਼ਤਰ ਯੋਜਨਾ ਆਯੋਗ ਦੀ ਸਲਾਹ ਨਾਲ ਦੂਰ-ਦੁਰਾਡੇ ਦੇ ਖੇਤਰਾਂ ਦੀ ਪਛਾਣ ਕਰੇਗਾ।

## 7.3 ਸਹਾਇਤਾ

ਇਕ ਮਹੀਨੇ ਵਿਚ 20 ਦਿਨਾਂ ਲਈ ਮੋਬਾਇਲ ਵੈਨਾਂ ਨੂੰ ਚਲਾਇਆ ਜਾ ਸਕਦਾ ਹੈ। ਮੋਬਾਇਲ ਵੈਨਾਂ ਨੂੰ ਚਲਾਉਣ ਲਈ ਰੋਜ਼ਾਨਾ 1500/- ਰੁ. ਜਾਂ ਅਸਲ ਖ਼ਰਚ, ਇਸ ਵਿਚੋਂ ਵੀ ਜੋ ਘਟ ਹੋਵੇ ਦੀ ਪ੍ਰਤੀਪੂਰਤੀ ਕੀਤੀ ਜਾਏਗੀ। ਹੱਥਖੱਡੀ ਕੱਪੜਿਆਂ ਦੀ ਪ੍ਰਾਪਤੀ ਲਈ ਵੀ ਮੋਬਾਇਲ ਵੈਨ ਦਾ ਉਪਯੋਗ ਕੀਤਾ ਜਾ ਸਕਦਾ ਹੈ ਜੋ ਉਸ ਸੀਮਾ ਤਕ ਹੋਏ ਖ਼ਰਚ ਨੂੰ ਉਪਰੋਕਤ ਵਧ ਦੀ ਸੀਮਾ ਵਿਚ ਹੀ ਕੀਤਾ ਜਾ ਸਕਦਾ ਹੈ।

ਮੋਬਾਇਲ ਵੈਨ ਦੇ ਸੰਚਾਲਨ ਸਬੰਧੀ ਖ਼ਰਚ ਦੀ ਪ੍ਰਤੀਪੂਰਤੀ ਏਜੰਸੀਆਂ ਨੂੰ ਐੱਨ.ਐੱਚ.ਡੀ.ਸੀ. ਵਲੋਂ ਕੀਤੀ ਜਾਏਗੀ। ਐੱਨ.ਐੱਚ.ਡੀ.ਸੀ. ਇਸ ਰਕਮ ਦੀ ਪ੍ਰਤੀਪੂਰਤੀ ਦਿਸ਼ਾ-ਨਿਰਦੇਸ਼ਾਂ ਦੇ ਪੈਰ੍ਹਾ 5.2 ਦੇ ਅਨੁਸਾਰ ਅਨੁਬੰਧ-2 ਦੀ ਪਰਿਸ਼ਿਸ਼ਟ 'ਘ' ਦੇ ਅਨੁਸਾਰ, ਦਾਅਵੇ ਦੇ ਪ੍ਰਾਪਤ ਹੋਣ ਤੇ, ਅਸਲ ਖ਼ਰਚ ਦੇ ਅਧਾਰ ਤੇ ਕਰੇਗੀ ਅਤੇ ਇਸ ਵਿਚ ਕਿਰਾਇਆ ਖ਼ਰਚ ਦੀ ਨਿਯਮਿਤ ਪ੍ਰਤੀਪੂਰਤੀ ਵੀ ਸ਼ਾਮਲ ਹੋਵੇਗੀ।

ਮੋਬਾਇਲ ਵੈਨ ਦੇ ਸੰਚਾਲਨ ਲਈ ਐੱਨ.ਐੱਚ.ਡੀ.ਸੀ. ਦੀ ਇਹ ਪ੍ਰਤੀਪੂਰਤੀ ਪੈਰ੍ਹਾ 5.2 ਵਿਚ ਦਸੀ ਸਹਾਇਤਾ ਦੀ ਇਕ ਆਮ ਦਰ ਤੋਂ ਇਲਾਵਾ ਹੋਵੇਗੀ ਅਤੇ ਹਰ ਸਾਲ ਵਧ ਤੋਂ ਵਧ 36.00 ਲੱਖ ਰੁਪਏ ਤਕ ਸੀਮਤ ਹੋਵੇਗੀ।

## 8. ਮਾਨੀਟਰਿੰਗ

ਇਸ ਭਾਗ ਦੇ ਕਾਰਜ ਦਾ ਨਿਯਮਿਤ ਤੌਰ ਤੇ ਐੱਨ.ਐੱਚ.ਡੀ.ਸੀ. ਦੇ ਬੋਰਡ ਆਫ਼ ਡਾਇਰੈਕਟਰ ਅਤੇ ਵਿਕਾਸ ਕਮਿਸ਼ਨਰ (ਹੱਥਖੱਡੀ) ਦਫ਼ਤਰ ਵਲੋਂ ਮਾਨੀਟਰਿੰਗ ਕੀਤੀ ਜਾਏਗੀ।

## 9. ਪ੍ਰਚਾਰ :

ਮਿਲ ਗੇਟ ਕੀਮਤ ਯੋਜਨਾ ਦੇ ਲਾਭਾਂ ਦਾ ਪ੍ਰਚਾਰ ਕੀਤੇ ਜਾਣ ਦੀ ਜ਼ਰੂਰਤ ਹੈ। ਇਸ ਯੋਜਨਾ ਦਾ ਉਚਿਤ ਪ੍ਰਚਾਰ-ਪ੍ਰਸਾਰ ਦੇਸ਼ ਦੇ ਵਿਭਿੰਨ ਅਖ਼ਬਾਰਾਂ, ਛਾਪੇ ਗਏ ਇਸ਼ਤਿਹਾਰਾਂ, ਪੋਸਟਰਾਂ ਦੇ ਮਾਧਿਅਮ ਨਾਲ, ਦੀਵਾਰ ਪੇਟਿੰਗ, ਖਰੀਦਾਰ/ਸੇਲਜ਼ਮੈਨ ਦੇ ਵਿਚਾਰ-ਵਟਾਂਦਰੇ ਆਦਿ ਦੇ ਰਾਹੀਂ ਕੀਤਾ ਜਾਏਗਾ। ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਵਲੋਂ ਯੋਜਨਾ ਦਾ ਪ੍ਰਚਾਰ ਕੀਤਾ ਜਾਏਗਾ। ਇਸ ਸਬੰਧ ਵਿਚ ਖ਼ਰਚ ਦੀ ਪ੍ਰਤੀਪੂਰਤੀ ਹੱਥਖੱਡੀ ਵਿਕਾਸ ਕਮਿਸ਼ਨਰ ਦਫ਼ਤਰ ਵਲੋਂ ਕੀਤੀ ਜਾਏਗੀ।

# (ਖ) ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਵਿਚ ਨਿਵੇਸ਼ :

## 1. ਪਿੱਠਭੂਮੀ :

ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਦੀ ਸਥਾਪਨਾ ਕੰਪਨੀ ਐਕਟ, 1956 ਦੇ ਅਧੀਨ ਪੀ.ਐੱਸ.ਯੂ. ਏਜੰਸੀ ਦੇ ਰੂਪ ਵਿਚ ਭਾਰਤ ਸਰਕਾਰ ਵਲੋਂ ਨਿਜੀ ਖੇਤਰ ਅਦਾਰੇ ਦੇ ਤੌਰ ਤੇ ਫਰਵਰੀ, 1983 ਵਿਚ ਕੀਤੀ ਗਈ ਜੋ ਹੱਥਖੱਡੀ ਖੇਤਰ ਦੇ ਤੀਬਰ ਵਿਕਾਸ ਵਿਚ ਮਦਦ ਕਰਨ ਲਈ ਰਾਸ਼ਟਰੀ ਪੱਧਰ ਦੀ ਅਜਿਹੀ ਏਜੰਸੀ ਦੀ ਲਾਜ਼ਮੀ ਜ਼ਰੂਰਤ ਦੇ ਅਨੁਸਾਰ ਸੀ ਜੋ ਉਚਿਤ ਕੀਮਤ ਸਾਰੇ ਇੰਨਪੁਟਸ ਦੀ ਪ੍ਰਾਪਤੀ ਸਬੰਧੀ ਅਤੇ ਸਪਲਾਈ ਕਰਨ, ਰਾਜ ਹੱਥਖੱਡੀ ਏਜੰਸੀਆਂ ਦੇ ਵਪਾਰ ਯਤਨਾਂ ਦਾ ਵਿਕਾਸ ਕਰਨ ਅਤੇ ਹੱਥਖੱਡੀ ਖੇਤਰ ਅਤੇ ਉਸ ਦੀ ਉਤਪਾਦਕਤਾ ਸਬੰਧੀ ਤਕਨੀਕ ਦਾ ਵਿਕਾਸ ਕਰਨ ਵਾਲੀਆਂ ਵਿਕਾਸ ਸਬੰਧੀ ਗਤੀਵਿਧੀਆਂ ਅਰੰਭ ਕਰਨ ਸਬੰਧੀ ਸਾਰੇ ਕੰਮਾਂ ਦਾ ਤਾਲਮੇਲ ਕਰੇ। ਐੱਨ.ਐੱਚ.ਡੀ.ਸੀ., ਹੱਥਖੱਡੀ ਵਿਕਾਸ ਕਮਿਸ਼ਨਰ ਦਫ਼ਤਰ ਦੇ ਪ੍ਰਸ਼ਾਸਨਿਕ ਨਿਯੰਤ੍ਰਣ ਵਿਚ ਕੰਮ ਕਰਦਾ ਹੈ। ਐੱਨ.ਐੱਚ.ਡੀ.ਸੀ. ਦੇ ਇਕਵਿਟੀ ਬੇਸ ਨੂੰ ਮਜ਼ਬੂਤ ਕਰਨ ਲਈ ਭਾਰਤ ਸਰਕਾਰ ਹਰ ਸਾਲ 1.00 ਕਰੋੜ ਰੁਪਏ ਦੀ ਦਰ ਨਾਲ ਇਕਵਿਟੀ ਪ੍ਰਦਾਨ ਕਰਦੀ ਰਹੀ ਹੈ।

ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਰਾਜ ਹੱਥਖੱਡੀ ਏਜੰਸੀਆਂ, ਅਪੈਕਸ ਸੰਸਥਾਵਾਂ, ਖੇਤਰੀ ਹੱਥਖੱਡੀ ਯੂਨੀਅਨਾਂ, ਬੁਣਕਰ ਸਹਿਕਾਰੀ ਸੰਸਥਾਵਾਂ, ਹੱਥਖੱਡੀ ਵਿਕਾਸ ਕੇਂਦਰਾਂ, ਹੱਥਖੱਡੀ ਐਸੋਸੀਏਸ਼ਨਾਂ ਅਤੇ ਨਿਰਯਾਤ ਵਿਕਾਸ ਵਿਚ ਲਗੀਆਂ

ਹੱਥਖੱਡੀ ਨਿਰਮਾਤਾ ਯੂਨਿਟਾਂ ਦੇ ਮਾਧਿਅਮ ਨਾਲ ਧਾਗਾ, ਰੰਗ ਅਤੇ ਰਸਾਇਣਾਂ ਦੀ ਸਪਲਾਈ ਕਰਦਾ ਰਿਹਾ ਹੈ। ਇਹ 522 ਤੋਂ ਵੀ ਜ਼ਿਆਦਾ ਵੱਡੀਆਂ ਕਤਾਈ ਮਿੱਲਾਂ ਤੋਂ ਹਰ ਕਿਸਮ ਦੇ ਧਾਗਿਆਂ ਭਾਵ ਸੂਤੀ, ਪੋਲਿਸਟਰ, ਵਿਸਕੋਸ, ਮਿਸ਼ਰਿਤ, ਊਨੀ, ਰੇਸ਼ਮੀ, ਜੂਟ ਆਦਿ ਦੀ ਖ਼ਰੀਦ ਕਰਦਾ ਰਿਹਾ ਹੈ ਅਤੇ ਉਸ ਨੂੰ 1271 ਤੋਂ ਵੀ ਜ਼ਿਆਦਾ ਏਜੰਸੀਆਂ ਨੂੰ ਉਪਲਬਧ ਕਰਾਉਂਦਾ ਰਿਹਾ ਹੈ।

ਐੱਨ.ਐੱਚ.ਡੀ.ਸੀ. ਦੀਆਂ ਗਤੀਵਿਧੀਆਂ ਦਾ ਮਕਸਦ ਹੇਠ ਲਿਖੇ ਦੀ ਉਪਲਬਧੀ ਕਰਨਾ ਹੈ :-

* ਹੱਥਖੱਡੀ ਬੁਣਕਰਾਂ ਨੂੰ ਧਾਗਾ, ਰੰਗ ਅਤੇ ਰਸਾਇਣ ਤੇ ਹੋਰ ਨਿਵੇਸ਼ ਜਿਵੇਂ ਕੱਚੇ ਮਾਲ ਦੀ ਪ੍ਰਾਪਤੀ ਨਿਸ਼ਚਿਤ ਕਰਨਾ।
* ਢਾਂਚੇ ਸਬੰਧੀ ਅਤੇ ਉਚਿਤ ਤਕਨੀਕ ਦੇ ਵਿਕਾਸ ਵਿਚ ਯੋਗਦਾਨ ਦੇਣਾ।
* ਉੱਚ ਪੱਧਰੇ ਉਤਪਾਦਨ ਲਈ ਵਪਾਰਕ ਮੌਕਿਆਂ ਪੈਦਾ ਕਰਨਾ ਅਤੇ ਨਿਰਯਾਤ ਲਈ ਵਪਾਰ ਸਬੰਧੀ ਮੌਕਿਆਂ ਨੂੰ ਵਧਾਉਣਾ।
* ਹੱਥਖੱਡੀ ਨਿਗਮਾਂ, ਸਹਿਕਾਰੀ ਸੋਸਾਇਟੀਆਂ ਅਤੇ ਹੋਰ ਸੰਸਥਾਵਾਂ ਤੇ ਹੱਥਖੱਡੀ ਖੇਤਰ ਦੇ ਵਿਕਾਸ ਵਿਚ ਲਗੇ ਲੋਕਾਂ ਨੂੰ ਕੇਂਦਰ ਸਰਕਾਰ ਦੇ ਫੰਡ, ਕਰਜ਼ੇ ਅਤੇ ਸਹਾਇਤਾ ਮੁਹੱਈਆ ਕਰਾਉਣ ਵਾਲੇ ਮਾਧਿਅਮ ਦੇ ਰੂਪ ਵਿਚ ਕੰਮ ਕਰਨਾ।

## 2. ਉਦੇਸ਼ :

ਇਸ ਭਾਗ ਦਾ ਉਦੇਸ਼ ਐੱਨ.ਐੱਚ.ਡੀ.ਸੀ. ਨੂੰ ਜ਼ਿਆਦਾ ਇਕਵਿਟੀ ਪ੍ਰਦਾਨ ਕਰਨਾ ਹੈ ਤਾਂਕਿ ਉਹ ਆਪਣੀਆਂ ਗਤੀਵਿਧੀਆਂ ਵਿਚ ਵਾਧਾ ਲਿਆਉਣ ਲਈ, ਲੋੜੀਂਦਾ ਵਧਿਆ ਹੋਇਆ ਕਰੈਡਿਟ ਪ੍ਰਾਪਤ ਕਰਨ ਲਈ ਆਪਣੇ ਇਕਵਿਟੀ ਬੇਸ ਨੂੰ ਵਧਾਉਣ ਵਿਚ ਸਮਰੱਥ ਹੋ ਸਕੇ। ਇਨ੍ਹਾਂ ਗਤੀਵਿਧੀਆਂ ਵਿਚ ਹੱਥਖੱਡੀ ਬੁਣਕਰਾਂ/ਹੱਥਖੱਡੀ ਸੰਗਠਨਾਂ ਨੂੰ ਧਾਗੇ ਦੀ ਸਪਲਾਈ ਦੀ ਮਾਤਰਾ ਦਾ ਵਧਾਇਆ ਜਾਣਾ ਸ਼ਾਮਲ ਹੈ।

## 3. ਕਾਰਜ ਖੇਤਰ :

ਗਿਆਰ੍ਹਵੀਂ ਯੋਜਨਾ ਦੇ ਦੌਰਾਨ, ਭਾਰਤ ਸਰਕਾਰ ਨਿਗਮ ਦੇ ਇਕਵਿਟੀ ਬੇਸ ਨੂੰ ਵਧਾਉਣ ਲਈ ਐੱਨ.ਐੱਚ.ਡੀ.ਸੀ. ਸਹਾਇਤਾ ਪ੍ਰਦਾਨ ਕਰੇਗੀ ਤਾਂਕਿ ਇਹ ਆਪਣੀਆਂ ਆਰਥਿਕ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਜ਼ਿਆਦਾ ਕਰੈਡਿਟ ਪ੍ਰਾਪਤ ਕਰ ਸਕਣ ਪਰ, ਇਸ ਦੇ ਲਈ ਹੇਠ ਲਿਖੀਆਂ ਸ਼ਰਤਾਂ ਹਨ :-

(1) ਇਸ ਸਬੰਧ ਵਿਚ ਇਕ ਪ੍ਰਸਤਾਵ ਐੱਨ.ਐੱਚ.ਡੀ.ਸੀ. ਦੇ ਬੋਰਡ ਆਫ਼ ਡਾਇਰੈਕਟਰਸ ਵਲੋਂ ਮਨਜ਼ੂਰ ਕੀਤਾ ਜਾਣਾ ਹੋਵੇਗਾ।

(2) ਹਰ ਸਾਲ ਵਧ ਤੋਂ ਵਧ ਇਕਵਿਟੀ 1.00 ਕਰੋੜ ਰੁਪਏ ਹੋਵੇਗੀ।

(3) ਐੱਨ.ਐੱਚ.ਡੀ.ਸੀ. ਨੂੰ ਆਪਣੇ ਪ੍ਰਸਤਾਵ ਦੇ ਨਾਲ ਬੋਰਡ ਆਫ਼ ਡਾਇਰੈਕਟਰਸ ਵਲੋਂ ਵਿਧੀ ਅਨੁਸਾਰ ਮਨਜ਼ੂਰਸ਼ੁਦਾ ਪਿਛਲੇ ਸਾਲ ਦੀ ਖਾਤਾ ਜਾਂਚ-ਪੜਤਾਲ ਦੀ ਬੈਲੰਸ ਸ਼ੀਟ ਪੇਸ਼ ਕਰਨੀ ਹੋਵੇਗੀ।

(4) ਐੱਨ.ਐੱਚ.ਡੀ.ਸੀ. ਭਾਰਤ ਸਰਕਾਰ ਨੂੰ 100/- ਰੁਪਏ ਪ੍ਰਤੀ ਇਕਵਿਟੀ ਸ਼ੇਅਰ (ਪੂਰੀ ਤਰ੍ਹਾਂ ਭੁਗਤਾਨ ਕੀਤਾ ਗਿਆ) ਦੇ ਹਿਸਾਬ ਨਾਲ ਜਾਰੀ ਕਰਨ ਲਈ ਇਸ ਰਕਮ ਦਾ ਉਪਯੋਗ ਕਰੇਗਾ।

(5) ਐੱਨ.ਐੱਚ.ਡੀ.ਸੀ. ਭਾਰਤ ਸਰਕਾਰ ਨੂੰ ਲਾਭਾਂਸ਼ ਦੇ ਭੁਗਤਾਨ ਦੇ ਸਬੰਧ ਵਿਚ ਸਮੇਂ-ਸਮੇਂ ਤੇ ਭਾਰਤ ਸਰਕਾਰ (ਵਿੱਤ ਮੰਤਰਾਲੇ, ਭਾਰੀ ਉਦਯੋਗ ਅਤੇ ਲੋਕ ਉੱਦਮ ਮੰਤਰਾਲਾ, ਲੋਕ ਉੱਦਮ ਵਿਭਾਗ ਆਦਿ) ਵਲੋਂ ਜਾਰੀ ਕੀਤੇ ਗਏ ਸਾਰੇ ਹੁਕਮਾਂ/ਸ਼ਰਤਾਂ ਨੂੰ ਪੂਰਾ ਕਰੇਗਾ।

(6) ਐੱਨ.ਐੱਚ.ਡੀ.ਸੀ., ਕੱਪੜਾ ਮੰਤਰਾਲਾ ਅਤੇ ਐੱਨ.ਐੱਚ.ਡੀ.ਸੀ. ਦੇ ਵਿਚਕਾਰ ਲਾਗੂ ਦਸਤਖ਼ਤ ਹੋਏ ਸਮਝੌਤਾ ਮੈਮੋਰੰਡਮ (MOU) ਨਾਲ ਸਬੰਧ ਟੀਚਿਆਂ/ਕਾਰਜ ਜ਼ਿੰਮੇਵਾਰੀ ਦੀ ਪ੍ਰਾਪਤੀ ਨਿਸ਼ਚਿਤ ਕਰੇਗਾ।

**ਅਨੁਬੰਧ-1**

## ਮਿਲ ਗੇਟ ਕੀਮਤ ਯੋਜਨਾ ਦੇ ਅਧੀਨ ਧਾਗੇ ਦੀ ਸਪਲਾਈ ਸਬੰਧੀ ਯੋਜਨਾ ਦੇ ਅਧੀਨ ਉਪਯੋਗਕਰਤਾ ਏਜੰਸੀਆਂ ਵਲੋਂ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਨੂੰ ਪੇਸ਼ ਕੀਤੀ ਜਾਣ ਵਾਲੀ ਵਚਨਬੱਧਤਾ ਦਾ ਫਾਰਮੈਟ

## ਵਚਨਬੱਧਤਾ

**ਉਪਭੋਗਤਾ ਏਜੰਸੀ ਦਾ ਨਾਂ ਅਤੇ ਪਤਾ :**

(1) ਇਹ ਸੁਸਾਇਟੀ/ਨਿਗਮ/ਏਜੰਸੀ ਹੱਥਖੱਡੀ ਕੱਪੜਾ ਤਿਆਰ ਕਰਨ ਵਿਚ ਲਗੀ ਹੋਈ ਹੈ ਅਤੇ ਮਿਲ ਗੇਟ ਕੀਮਤ ਯੋਜਨਾ ਦੇ ਅਧੀਨ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਤੋਂ ਸੁਸਾਇਟੀ/ਨਿਗਮ/ਏਜੰਸੀ ਵਲੋਂ ਪ੍ਰਾਪਤ ਕੀਤੇ ਗਏ ਧਾਗੇ ਦਾ ਕੱਪੜਾ ਤਿਆਰ ਕਰਨ ਵਾਲੇ ਸਾਡੇ ਕੇਂਦਰਾਂ ਦੇ ਉਪਯੋਗ ਲਈ ਅਤੇ/ਜਾਂ ਸਾਡੇ ਸਿੱਧੇ ਨਾਮ ਦਰਜ ਕੀਤੀਆਂ ਹੋਈਆਂ ਮੈਂਬਰ ਸੁਸਾਇਟੀਆਂ/ਬੁਣਕਰਾਂ ਨੂੰ ਦੇਣ ਲਈ ਹੈ।

(2) ਇਸ ਯੋਜਨਾ ਦੇ ਅਧੀਨ ਪ੍ਰਾਪਤ ਕੀਤੇ ਗਏ ਧਾਗੇ ਦਾ ਸੁਸਾਇਟੀ/ਨਿਗਮ/ਏਜੰਸੀ ਦੇ ਨਾਲ ਸਿੱਧੇ ਨਾਮ ਦਰਜ ਕੀਤੇ ਗਏ ਸੰਗਠਨਾਂ/ਬੁਣਕਰਾਂ ਤੋਂ ਇਲਾਵਾ ਕਿਸੇ ਹੋਰ ਸੰਗਠਨ/ਬੁਣਕਰਾਂ ਨੂੰ ਦੁਬਾਰਾ ਨਹੀਂ ਵੇਚਿਆ ਜਾਏਗਾ।

(3) ਸਾਡੇ ਨਾਲ ਸਿੱਧੇ ਨਾਮ ਦਰਜ ਕੀਤੀਆਂ ਗਈਆਂ ਮੈਂਬਰ ਸੁਸਾਇਟੀਆਂ/ਬੁਣਕਰਾਂ ਨੂੰ ਇਸ ਯੋਜਨਾ ਦੇ ਪੂਰੇ-ਪੂਰੇ ਲਾਭ ਉਸ ਸਮੇਂ ਦਿੱਤੇ ਜਾਣਗੇ ਜਦੋਂ ਇਸ ਯੋਜਨਾ ਦੇ ਅਧੀਨ ਖਰੀਦਿਆ ਗਿਆ ਧਾਗਾ ਉਨ੍ਹਾਂ ਨੂੰ ਵੇਖਿਆ ਜਾਂਦਾ ਹੈ; ਅਤੇ

(4) ਇਸ ਯੋਜਨਾ ਨੂੰ ਕਿਸੇ ਇਕ ਜਾਂ ਇਕ ਤੋਂ ਜ਼ਿਆਦਾ ਸ਼ਰਤਾਂ ਦਾ ਪਾਲਨ ਨਾ ਕਰਨ ਦੀ ਸਥਿਤੀ ਵਿਚ ਇਹ ਸੁਸਾਇਟੀ/ਨਿਗਮ/ਏਜੰਸੀ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਨੂੰ (ਇਸ ਵਚਨਬੱਧਤਾ ਦੀ ਤਾਰੀਖ ਤੋਂ ਲੈ ਕੇ ਪਤਾ ਲੱਗਣ ਦੀ ਤਾਰੀਖ ਤਕ) ਦਿੱਤੇ ਗਏ ਧਾਗੇ ਦੀ ਅਸਲ ਵਿਕਰੀ ਕੀਮਤ ਅਤੇ ਟ੍ਰਾਂਸਪੋਰਟ ਖ਼ਰਚ, ਹੋਰ ਖ਼ਰਚਾਂ ਆਦਿ ਨੂੰ ਮਿਲਾ ਕੇ ਬਜ਼ਾਰ ਕੀਮਤ ਦੇ ਵਿਚਕਾਰਲੇ ਫ਼ਰਕ ਦੇ ਬਰਾਬਰ ਦੀ ਰਕਮ ਨੂੰ ਅਦਾ ਕਰਨ ਦਾ ਵਚਨ ਦੇਂਦੀ ਹੈ।

**ਦਸਤਖ਼ਤ ਸਕੱਤਰ**
ਰਬੜ ਦੀ ਮੋਹਰ

**ਮੁੱਖ ਕਾਰਜਪਾਲਕ ਦੇ ਦਸਤਖ਼ਤ**
ਰਬੜ ਦੀ ਮੋਹਰ

ਸਥਾਨ :
ਮਿਤੀ :

ਪਰਿਸ਼ਿਸ਼ਟ-2

# ਪ੍ਰਮਾਣ-ਪੱਤਰ

1. ਅਸੀਂ ਮਿਲ ਗੇਟ ਕੀਮਤ ਯੋਜਨਾ ਦੇ ਮਿੱਥੇ ਸਮੇਂ ਵਿਚ ਏਜੰਸੀਆਂ ਨੂੰ ਕੀਤੀ ਗਈ ਧਾਗੇ ਦੀ ਸਪਲਾਈ ਦੇ ਸਬੰਧ ਵਿਚ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ, ਲਖਨਊ ਦੇ ਲੇਖਾਂ ਦੀ ਜਾਂਚ ਕਰ ਲਈ ਹੈ, ਅਸੀਂ ਸੰਤੁਸ਼ਟ ਹਾਂ ਕਿ ਐੱਨ.ਐੱਚ.ਡੀ.ਸੀ. ਵਲੋਂ ਪੇਸ਼ ਕੀਤੀ ਗਈ ਰਕਮ ਸਹੀ ਹੈ।

2. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਧਾਗੇ ਦੀ ਸਪਲਾਈ, ਜਿਸ ਦੇ ਲਈ ਪ੍ਰਤੀਪੂਰਤੀ/ਪੀਰੀਅਡ ਦਾ ਦਾਅਵਾ ਕੀਤਾ ਗਿਆ ਹੈ, ਹੱਥਖੱਡੀ ਵਿਕਾਸ ਕਮਿਸ਼ਨਰ ਦੇ ਦਫ਼ਤਰ ਤੋਂ ਜਾਰੀ ਪੱਤਰ ਨੰ. ਡੀਸੀਐੱਚ/6(1)2002-ਪੀ ਐਂਡ ਐਸ ਮਿਤੀ 7 ਨਵੰਬਰ, 2002 ਵਿਚ ਉਪਰ ਲਿਖੇ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਕੀਤਾ ਗਿਆ ਹੈ।

3. ਧਾਗੇ ਦੀ ਸਲਪਾਈ ਜਿਸ ਤੇ ........ ਪੀਰੀਅਡ ਲਈ ਸਰਕਾਰ ਦੀ ਸਹਾਇਤਾ ਦਾ ਦਾਅਵਾ ਕੀਤਾ ਗਿਆ ਹੈ, ਯੋਗ ਏਜੰਸੀਆਂ ਦਾ ਹੀ ਕੀਤਾ ਗਿਆ ਹੈ।

4. ......... ਪੀਰੀਅਡ ਲਈ ਪ੍ਰਤੀਪੂਰਤੀ ਦੀ ......... ਨੰ. (..............ਰੁਪਏ) ਦੀ ਰਕਮ ਦਾ ਪਹਿਲਾਂ ਦਾਅਵਾ ਨਹੀਂ ਕੀਤਾ ਗਿਆ ਹੈ।

5. ਪਰਿਸ਼ਿਸ਼ਟ 'ਕ' ਵਿਚ ਦਿੱਤੇ ਗਏ ਵਿਤਰਣ ਦੇ ਅਨੁਸਾਰ ........................ ਪੀਰੀਅਡ ਦਾ ਦਾਅਵਾ ਹੱਥਖੱਡੀ ਵਿਕਾਸ ਕਮਿਸ਼ਨਰ ਦੇ ਦਫ਼ਤਰ ਦੇ ਪੱਤਰ ਨੰ. 6(1)2007 ਡੀਸੀਐੱਚ/ਪੀ ਐਂਡ ਐੱਸ ...................... ਮਿਤੀ 5 ਜੁਲਾਈ, 2007 ................. ਅਤੇ ਸਮੇਂ-ਸਮੇਂ ਤੇ ਇਸ ਸਬੰਧੀ ਵਿਚ ਜਾਰੀ ਅਜਿਹੇ ਹੋਰ ਆਦੇਸ਼ਾਂ ਦੇ ਅਨੁਸਾਰ ਤਿਆਰ ਕੀਤਾ ਜਾਂਦਾ ਹੈ।

6. ਪ੍ਰਤੀਪੂਰਤੀ ਦੀ ਇਹ ਦਾਅਵਾ ਯੋਜਨਾ ਦੇ ਅਧੀਨ ਦਿੱਤੇ ਗਏ ਧਾਗੇ ਦੇ ਬਾਰੇ ਵਿਚ ਹੈ।

7. ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਦੇ ਅਨੁਸਾਰ ਐੱਨ.ਐੱਚ.ਡੀ.ਸੀ. ਵਲੋਂ ਉਨ੍ਹਾਂ ਸਾਰੀਆਂ ਏਜੰਸੀਆਂ ਤੋਂ ਵਚਨਬੱਧਤਾ ਲਈ ਗਈ ਹੈ ਜਿਨ੍ਹਾਂ ਨੂੰ ........... ਪੀਰੀਅਡ ਦੇ ਦੌਰਾਨ ਧਾਗੇ ਦੀ ਸਪਲਾਈ ਕੀਤੀ ਗਈ ਹੈ।

8. ਸਹਾਇਤਾ ਪ੍ਰਾਪਤ ਸੰਸਥਾ ਦੇ ਭ੍ਰਿਸ਼ਟ ਵਿਓਹਾਰ ਅਪਣਾਉਣ ਦਾ ਸ਼ੱਕ ਕਰਨ ਦਾ ਕੋਈ ਕਾਰਨ ਨਹੀਂ ਹੈ।

ਚਾਰਟਡ ਅਕਾਊਂਟੈਂਟ
ਮੋਹਰ

ਪ੍ਰਬੰਧ ਨਿਦੇਸ਼ਕ
ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ

ਮਿਤੀ :

**ਅਨੁਬੰਧ-II ਦਾ ਪਰਿਸ਼ਿਸ਼ਟ 'ਕ'**

## ......... ਦੇ ਪੀਰੀਅਡ ਦੇ ਲਈ ਮਿਲ ਗੇਟ ਕੀਮਤ ਯੋਜਨਾ ਦੇ ਅਧੀਨ ਸਪਲਾਈ ਤੇ ਪ੍ਰਤੀਪੂਰਤੀ ਦੇ ਦਾਅਵੇ ਦਾ ਵੇਰਵਾ

| ਕ੍ਰ. ਨੰ. | ਰਾਜ/ਏਜੰਸੀ ਦਾ ਨਾਂ | ਸਪਲਾਈ ਕੀਤੇ ਗਏ ਧਾਗੇ ਦੀ ਮਾਤਰਾ (ਕਿ.ਗ੍ਰਾ. 'ਚ) | ਮਿਲ ਗੇਟ ਕੀਮਤ ਤੇ ਧਾਗੇ ਦੀ ਲਾਗਤ (ਰੁ. 'ਚ) | ਟ੍ਰਾਂਸਪੋਰਟ ਦੀ ਅਸਲ ਲਾਗਤ (ਰੁ. 'ਚ) |
|---|---|---|---|---|
| | ਕੁਲ | | | |

ਪ੍ਰਤੀਪੂਰਤੀ ਦੇ ਦਾਅਵੇ ਦੀ ਰਕਮ

(ਸਪਲਾਈ ਕੀਤੇ ਗਏ ਧਾਗੇ ਦੇ ਮੁੱਲ ......... %) ..........................ਰੁ.

ਪਹਿਲਾਂ ਤੋਂ ਹੀ ਦਾਅਵਾ ਕੀਤੀ ਗਈ ਐਡਵਾਂਸ ਰਕਮ......... ..........................ਰੁ.

ਦਿੱਤੀ ਜਾਣ ਵਾਲੀ ਬਾਕੀ ਰਕਮ ..........................ਰੁ.

ਪ੍ਰਬੰਧ ਨਿਦੇਸ਼ਕ
ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ
(ਰਬੜ ਦੀ ਮੋਹਰ ਸਹਿਤ)

ਚਾਰਟਿਡ ਅਕਾਊਂਟੈਂਟ
(ਰਬੜ ਦੀ ਮੋਹਰ ਸਹਿਤ)

**ਅਨੁਬੰਧ-II ਦਾ ਪਰਿਸ਼ਿਸ਼ਟ 'ਖ'**

## ਮਿਲ ਗੇਟ ਕੀਮਤਾਂ 'ਤੇ ਧਾਗੇ ਦੀ ਸਪਲਾਈ ਦੇ ਅਧੀਨ, ਐੱਨ.ਐੱਚ.ਡੀ.ਸੀ. ਵਲੋਂ ਸਪਲਾਈ ਕੀਤੇ ਗਏ ਧਾਗ ਦਾ ਏਜੰਸੀ-ਅਨੁਸਾਰ ਬਿਓਰਾ ਦਰਸਾਉਣ ਵਾਲਾ ਵੇਰਵਾ

ਕਾਰਜਕਾਰੀ ਏਜੰਸੀ ਦਾ ਨਾਂ ਤੇ ਪਤਾ (ਹਰੇਕ ਏਜੰਸੀ ਲਈ ਅਲੱਗ-ਅਲੱਗ ਪੇਸ਼ ਕੀਤਾ ਜਾਏ)

.................................................................................................................................................................

...........................................................................

| ਕ੍ਰ.ਨੰ. | ਪੀਰੀਅਡ/ ਮਿਤੀ | ਧਾਗੇ ਦੀ ਸਪਲਾਈ ਪ੍ਰਾਪਤ ਕੀਤੀ ਗਈ ਮਾਤਰਾ ਮੁੱਲ (ਕਿ.ਗ੍ਰਾ.) (ਰੁ. 'ਚ) | ਮਿਲ ਦਾ ਨਾਂ ਅਤੇ ਥਾਂ, ਜਿਸ ਤੋਂ ਧਾਗੇ ਦੀ ਸਪਲਾਈ ਕੀਤੀ ਗਈ | ਸਪਲਾਈ ਕੀਤੇ ਗਏ ਧਾਗੇ ਦੀ ਪਹੁੰਚ | ਐੱਲ.ਆਰ. ਨੰਬਰ ਮਿਤੀ | ਟ੍ਰਾਂਸਪੋਰਟ ਕੰਪਨੀ ਦਾ ਨਾਂ | ਭੁਗਤਾਨ ਕੀਤੇ ਗਏ ਮਾਲ ਦੀ ਰਕਮ (ਰੁ. 'ਚ) |
|---|---|---|---|---|---|---|---|
| | | ਮਾਤਰਾ (ਕਿ.ਗ੍ਰਾ.) ਮੁੱਲ (ਰੁ.'ਚ) | | | | | |

ਕੁਲ .........................

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਵਲੋਂ ਅਸਲ 'ਚ ਧਾਗੇ ਦੀ ਉਪਰੋਕਤ ਸਪਲਾਈ ਕੀਤੀ ਗਈ ਹੈ ਅਤੇ ਇਸ ਨਿਗਮ/ਸੁਸਾਇਟੀ/ਏਜੰਸੀ ਵਲੋਂ ਟ੍ਰਾਂਸਪੋਰਟ ਖ਼ਰਚ ਦੀ ਰਕਮ ਦਾ ਭੁਗਤਾਨ ਵੀ ਕਰ ਦਿੱਤਾ ਗਿਆ ਹੈ, ਜਿਵੇਂ ਕਿ ਉਪਰ ਦਰਸਾਇਆ ਗਿਆ ਹੈ।

**ਕਾਰਜਪਾਲਕ ਅਫ਼ਸਰ ਦੇ ਦਸਤਖ਼ਤ**

**ਅਨੁਬੰਧ-II ਦਾ ਪਰਿਸ਼ਿਸ਼ਟ 'ਗ'**

## ਮਿਲ ਗੇਟ ਕੀਮਤ ਯੋਜਨਾ ਦੇ ਅਧੀਨ ਏਜੰਸੀ ਵਲੋਂ ਡਿਪੂ ਚਲਾਉਣ ਦੀ ਪ੍ਰਤੀਪੂਰਤੀ ਲਈ ਤ੍ਰੈਮਾਸਿਕ ਦਾਅਵੇ ਦਾ ਵੇਰਵਾ

| ਕ੍ਰ.ਨੰ. | ਰਾਜ ਦਾ ਨਾਂ | ਤਿਮਾਹੀ ਦੀ ਸ਼ੁਰੂਆਤ 'ਚ ਬਾਕੀ ਮਾਤ੍ਰਾ ਮੁੱਲ | | ਮਿਲ ਕੀਮਤ ਯੋਜਨਾ ਦੇ ਅਧੀਨ ਪ੍ਰਾਪਤ ਕੀਤਾ ਗਿਆ ਧਾਗਾ ਮੁੱਲ | | ਮਿਲ ਦਾ ਨਾਂ | ਮਿਲ ਗੇਟ ਕੀਮਤ ਦੇ ਇਲਾਵਾ ਪ੍ਰਾਪਤ ਕੀਤਾ ਗਿਆ ਧਾਗਾ ਮਾਤਰਾ | | ਮਿਲ ਦਾ ਨਾਂ | ਤਿਮਾਹੀ ਦੇ ਦੌਰਾਨ ਵੇਚਿਆ ਗਿਆ ਕੁਲ ਧਾਗਾ ਮੁੱਲ | | ਅੰਤਮ ਸਟਾਕ | ਵਾਸਤਵਿਕ ਅੰਕੜਿਆਂ ਦੇ ਅਧਾਰ ਤੇ 2.5% ਦੀ ਦਰ ਨਾਲ ਪ੍ਰਤੀਪੂਰਤੀ |
|---|---|---|---|---|---|---|---|---|---|---|---|---|---|
| | ਕੁਲ ਜੋੜ | ਮਾਤ੍ਰਾ | ਮੁੱਲ | ਮਾਤ੍ਰਾ | ਮੁੱਲ | | ਮਾਤ੍ਰਾ | ਮੁੱਲ | | ਮਾਤ੍ਰਾ | ਮੁੱਲ | | |

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਅਸਲ 'ਚ ਧਾਗੇ ਦੀ ਉਪਰੋਕਤ ਸਪਲਾਈ ਕੀਤੀ ਗਈ ਹੈ ਅਤੇ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਵਲੋਂ ਡਿਪੂ ਪ੍ਰਚਾਲਨ ਲਈ ਪ੍ਰਤੀਪੂਰਤੀ ਰਕਮ ਦਾ ਭੁਗਤਾਨ ਕਰ ਦਿੱਤਾ ਗਿਆ ਹੈ।

ਡਿਪੂ ਪ੍ਰਚਾਲਨ ਲਈ ਦਾਅਵਾ ਕੀਤੀ ਗਈ ਪ੍ਰਤੀਪੂਰਤੀ ਰਕਮ (ਵਾਸਤਵਿਕ ਅੰਕੜਿਆਂ ਦੇ ਅਧਾਰ 'ਤੇ ਸਪਲਾਈ ਕੀਤੇ ਗਏ ਧਾਗੇ ਦੇ ਮੁੱਲ ਦਾ 2.5% ...... : ...... ਰੁ.

ਕਾਰਜਪਾਲਕ ਅਫ਼ਸਰ ਦੇ ਦਸਤਖ਼ਤ
(ਕਾਰਜਕਾਰੀ ਏਜੰਸੀ ਦਾ ਨਾਂ)
(ਰਬੜ ਦੀ ਮੋਹਰ ਸਹਿਤ)

ਚਾਰਟਡ ਅਕਾਊਂਟੈਂਟ
ਕਾਰਜਕਾਰੀ ਏਜੰਸੀ ਦਾ ਨਾਂ
ਰਬੜ ਦੀ ਮੋਹਰ

**ਅਨੁਬੰਧ-II ਦਾ ਪਰਿਸ਼ਿਸ਼ਟ 'ਘ'**

# ਮੋਬਾਇਲ ਵੈਨ ਚਲਾਉਣ ਸਬੰਧੀ ਪ੍ਰਤੀਪੂਰਤੀ ਦਾ ਦਾਅਵਾ ਕਰਨ ਦਾ ਵੇਰਵਾ

| ਕ੍ਰ.ਨੰ. | ਰਾਜ/ਏਜੰਸੀ ਦਾ ਨਾਂ | ਪ੍ਰਚਾਲਿਤ ਮੋਬਾਇਲ ਵੈਨਾਂ ਦੀ ਗਿਣਤੀ ਅਤੇ ਦਿਨਾਂ ਦੀ ਗਿਣਤੀ | ਐੱਮਜੀਪੀਐੱਸ ਦੇ ਅਧੀਨ ਧਾਗੇ ਦੀ ਮਾਤਰਾ | ਮੋਬਾਇਲ ਵੈਨਾਂ ਦੇ ਮਾਧਿਅਮ ਨਾਲ ਧਾਗੇ ਦੀ ਸਪਲਾਈ | ਮੋਬਾਇਲ ਵੈਨਾਂ ਨੂੰ ਚਲਾਉਣ ਲਈ ਪ੍ਰਤੀਪੂਰਤੀ | | ਐੱਨਐੱਚਡੀਸੀ ਵਲੋਂ ਕੀਤੀ ਗਈ ਰਕਮ |
|---|---|---|---|---|---|---|---|
| | | | | | ਵੈਨ ਦੀ ਗਿਣਤੀ | ਵੈਨ ਚਲਾਉਣ ਲਈ ਦਿੱਤੀ ਗਈ ਵਾਸਤਵਿਕ ਰਕਮ (ਵੈਨ ਡਰਾਈਵਰ ਦੀ ਰਸੀਦ ਨੱਥੀ ਕਰੋ) | |
| ਕੁਲ | | | | | | | |

ਪ੍ਰਮਾਣਿਤ ਕੀਤਾ ਜਾਂਦਾ ਹੈ ਕਿ ਕੁਲ .................... ਦਿਨਾਂ ਲਈ ਕੁਲ .................. ਵੈਨਾਂ ਨੇ ਕੰਮ ਕੀਤਾ ਅਤੇ ਮੋਬਾਇਲ ਵੈਨ ਚਲਾਉਣ ਲਈ ਰਾਸ਼ਟਰੀ ਹੱਥਖੱਡੀ ਵਿਕਾਸ ਨਿਗਮ ਵਲੋਂ ਪ੍ਰਤੀਪੂਰਤੀ ਦਾ ਭੁਗਤਾਨ ਕਰ ਦਿੱਤਾ ਗਿਆ ਹੈ।

ਦਾਅਵਾ ਕੀਤੀ ਗਈ ਪ੍ਰਤੀਪੂਰਤੀ ਰਕਮ (ਰੁ. .............) (1500/-ਰੁ. ਰੋਜ਼ਾਨਾ ਜਾਂ ਅਸਲ ਅੰਕੜਿਆਂ ਦੇ ਅਧਾਰ 'ਤੇ)

ਕਾਰਜਪਾਲਕ ਅਫ਼ਸਰ ਦੇ ਦਸਤਖ਼ਤ

(ਕਾਰਜਕਾਰੀ ਏਜੰਸੀ ਦਾ ਨਾਂ)
(ਰਬੜ ਮੋਹਰ ਸਹਿਤ)

ਐੱਨ.ਐੱਚ.ਡੀ.ਸੀ. ਚਾਰਟਡ ਅਕਾਊਂਟੈਂਟ

ਐੱਨ.ਐੱਚ.ਡੀ.ਸੀ. ਦੇ ਪ੍ਰਬੰਧ ਨਿਦੇਸ਼ਕ ਦੇ ਦਸਤਖ਼ਤ